ਨੌਵੀਂ

ਰਾਵੀ

ਇੱਕ ਸਰਲ ਅਧਿਐਨ

R-3

Based on latest syllabus and Guidelines by

NEP & CBSE

ਸਪਤਰਿਸ਼ੀ ਪਬਲੀਕੇਸ਼ਨ

Ravi

Ik Saral Adhiyan

ISBN: 978-93-7407-073-4

Edition: 2026

Saptrishi Publication All Rights Reserved

Published by
Saptrishi Publication
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
Visit us at: www.saptrishipublication.com
94638-36591, 77174-65715
All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher.
Printed at Sapatrishi Printers

R–3 ਭਾਸ਼ਾ ਮੁਲਾਂਕਣ ਢਾਂਚਾ

ਜਮਾਤ IX (2026-27)

ਜਮਾਤ IX ਲਈ R3 ਮੁਲਾਂਕਣ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

ਕੁੱਲ ਅੰਕ - 100 (ਸਕੂਲ-ਆਧਾਰਿਤ ਮੁਲਾਂਕਣ)

ਲੜੀ ਨੰ.	ਵੇਰਵਾ	ਅੰਕ
1	ਸੁਣਨ ਅਤੇ ਬੋਲਣ ਦੇ ਹੁਨਰ	40
2	ਰਚਨਾਤਮਕ ਲਿਖਤ ਹੁਨਰ	15
3	ਸਿੱਖਣ ਸਰੋਤ ਆਧਾਰਿਤ ਭਾਸ਼ਾ ਮੁਲਾਂਕਣ ਹੇਠ ਲਿਖੇ ਅਨੁਸਾਰ	
	3.1 ਪੜ੍ਹਨ ਦਾ ਹੁਨਰ	20
	3.2 ਲਿਖਣ ਦਾ ਹੁਨਰ	10
4	ਪ੍ਰੋਜੈਕਟ ਵਰਕ	15
	ਕੁੱਲ ਅੰਕ	**100**

ਭਾਗ 1 - ਸੁਣਨ ਅਤੇ ਬੋਲਣ ਦੇ ਹੁਨਰਾਂ ਦਾ ਮੁਲਾਂਕਣ: 40 ਅੰਕ

- ਸੁਣਨ ਅਤੇ ਬੋਲਣ ਦੀਆਂ ਗਤੀਵਿਧੀਆਂ ਪੂਰੇ ਅਕਾਦਮਿਕ ਸਾਲ ਦੌਰਾਨ ਵੱਖ-ਵੱਖ ਕਲਾਸਰੂਮ-ਆਧਾਰਿਤ ਗਤੀਵਿਧੀਆਂ ਰਾਹੀਂ ਕਰਵਾਈਆਂ ਜਾਣਗੀਆਂ ।
- ਦਿੱਤੀ ਸੂਚੀ ਵਿੱਚੋਂ ਕਿਸੇ ਵੀ ਅੱਠ ਗਤੀਵਿਧੀਆਂ ਦਾ ਮੁਲਾਂਕਣ ਕੀਤਾ ਜਾਵੇ । ਅਧਿਆਪਕ ਵਿਦਿਆਰਥੀਆਂ ਨੂੰ ਆਪਣੀ ਰੁਚੀ ਵਾਲੀਆਂ ਗਤੀਵਿਧੀਆਂ ਚੁਣਨ ਲਈ ਪ੍ਰੇਰਿਤ ਕਰੇਗਾ। ਹਰ ਗਤੀਵਿਧੀ 5 ਅੰਕਾਂ ਦੀ ਹੋਵੇਗੀ ਅਤੇ ਉਹ ਅੱਠ ਗਤੀਵਿਧੀਆਂ ਚੁਣ ਸਕਣਗੇ। (**5×8 = 40 ਅੰਕ**)

ਸੁਝਾਈਆਂ ਗਤੀਵਿਧੀਆਂ ਦੀ ਸੂਚੀ:

- ਸੁਣੋ ਅਤੇ ਜਵਾਬ ਦਿਓ (ਹਦਾਇਤ ਦੀ ਪਾਲਣਾ ਕਰੋ/ਸਵਾਲ ਦਾ ਜਵਾਬ ਦਿਓ)
- ਕਿਸੇ ਤਸਵੀਰ, ਵਸਤੂ, ਵਿਅਕਤੀ, ਸਥਾਨ ਜਾਂ ਘਟਨਾ ਦਾ ਵਰਣਨ ਕਰੋ।
- ਜੋੜੀ ਜਾਂ ਸਮੂਹ-ਵਾਰ ਗੱਲਬਾਤ ਵਿੱਚ ਹਿੱਸਾ ਲਓ।
- ਆਪਣਾ, ਪਰਿਵਾਰਕ ਮੈਂਬਰਾਂ, ਦੋਸਤਾਂ ਜਾਂ ਭਾਈਚਾਰੇ ਦੀ ਜਾਣਕਾਰੀ ਦਿਓ।
- ਨਿੱਜੀ ਅਨੁਭਵ ਜਾਂ ਜਾਣ-ਪਛਾਣ ਵਾਲੀ ਘਟਨਾ ਸੁਣਾਓ।
- ਘੋਸ਼ਣਾਵਾਂ, ਇੰਟਰਵਿਊ ਜਾਂ ਛੋਟੀਆਂ ਵਾਰਤਾਂ ਸੁਣ ਕੇ ਜਵਾਬ ਦਿਓ।
- ਤਸਵੀਰਾਂ ਦੀ ਲੜੀ ਤੋਂ ਘਟਨਾਵਾਂ ਨੂੰ ਕ੍ਰਮਵਾਰ ਲਗਾ ਕੇ ਸੁਣਾਓ।

- ਕਲਾਸਰੂਮ ਵਿੱਚ ਪੜ੍ਹੇ ਜਾਂ ਸੁਣੇ ਪਾਠ ਦੀ ਕਹਾਣੀ ਦੁਬਾਰਾ ਸੁਣਾਓ।
- ਭੂਮਿਕਾ-ਅਦਾਇਗੀ (ਜਾਣ-ਪਛਾਣ ਵਾਲੀਆਂ ਸਥਿਤੀਆਂ ਉੱਤੇ)
- ਵਾਦ-ਵਿਵਾਦ (ਜਾਣ-ਪਛਾਣ ਵਾਲੇ ਵਿਸ਼ਿਆਂ ਉੱਤੇ)

ਨੋਟ: ਅਧਿਆਪਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਸੰਦਰਭ ਅਨੁਸਾਰ ਕੋਈ ਹੋਰ ਅਜਿਹੀ ਗਤੀਵਿਧੀ ਵੀ ਚੁਣ ਸਕਦੇ ਹਨ, ਜੋ R3 ਪ੍ਰਤੀ ਰੁਚੀ ਵਿਕਸਿਤ ਕਰੇ।

ਸੁਣਨ ਅਤੇ ਬੋਲਣ ਦੇ ਹੁਨਰਾਂ ਦੇ ਮੁਲਾਂਕਣ ਲਈ ਨਿਯਮ

ਸੁਝਾਏ ਮਾਪਦੰਡ

- ਭਾਵਾਂ ਅਤੇ ਸੰਚਾਰ ਦੀ ਸਪਸ਼ਟਤਾ
- ਵਿਚਾਰਾਂ ਦੀ ਕ੍ਰਮਬੱਧਤਾ
- ਉਚਿਤ ਪ੍ਰਤੀਕਿਰਿਆ ਅਤੇ ਸਵਾਲਾਂ ਦੇ ਜਵਾਬ
- ਉਚਾਰਨ, ਸੁਰ-ਲਹਿਜਾ ਅਤੇ ਆਵਾਜ਼ ਦਾ ਉਤਾਰ-ਚੜ੍ਹਾਅ
- ਸ਼ਬਦਾਵਲੀ ਅਤੇ ਭਾਸ਼ਾ ਦੀ ਉਚਿਤ ਵਰਤੋਂ

ਭਾਗ 2 - ਰਚਨਾਤਮਕ ਲਿਖਤ **15 ਅੰਕ**

I. ਗੈਰ-ਰਸਮੀ ਸੱਦਾ/ਸੁਨੇਹਾ (30-40 ਸ਼ਬਦ): **3 ਅੰਕ**

(ਵਿਸ਼ਾ-ਵਸਤੂ - 1 ਅੰਕ, ਵਿਚਾਰ ਦੀ ਮੌਲਿਕਤਾ - 1 ਅੰਕ, ਵਿਚਾਰਾਂ ਦੀ ਸੰਗਠਨਾਤਮਿਕਤਾ - 1 ਅੰਕ)

II. ਤਸਵੀਰ ਦਾ ਵਰਣਨ (30-40 ਸ਼ਬਦ): **3 ਅੰਕ**

(ਵਿਸ਼ਾ-ਵਸਤੂ - 1 ਅੰਕ, ਵਿਚਾਰ ਦੀ ਮੌਲਿਕਤਾ - 1 ਅੰਕ, ਵਿਚਾਰਾਂ ਦੀ ਸੰਗਠਨਾਤਮਿਕਤਾ - 1 ਅੰਕ)

III. ਸਧਾਰਣ ਕਹਾਣੀ ਲਿਖਣਾ, 100 ਸ਼ਬਦਾਂ ਤੱਕ: **5 ਅੰਕ**

(ਵਿਸ਼ਾ-ਵਸਤੂ - 2 ਅੰਕ, ਵਿਚਾਰਾਂ ਦੀ ਸੰਗਠਨਾਤਮਿਕਤਾ - 1 ਅੰਕ, ਰਚਨਾਤਮਕ ਵਿਚਾਰ - 2 ਅੰਕ)

IV. ਰੋਜ਼ਾਨਾ ਜੀਵਨ ਦੀ ਗੱਲਬਾਤ: **4 ਅੰਕ**

ਉਚਿਤ ਭਾਵਾਂ ਦੀ ਵਰਤੋਂ ਕਰਦੇ ਹੋਏ 80 ਸ਼ਬਦਾਂ ਤੱਕ ਸੰਵਾਦ ਲਿਖੋ

(ਸੰਬੰਧਤਤਾ - 2, ਭਾਸ਼ਾ ਦੀ ਉਚਿਤਤਾ - 1, ਸੰਗਠਨਾਤਮਿਕਤਾ - 1)

ਭਾਗ 3 - ਸਿੱਖਣ ਸਰੋਤ ਆਧਾਰਿਤ ਭਾਸ਼ਾ ਮੁਲਾਂਕਣ: **30 ਅੰਕ**

ਇਹ ਮੁਲਾਂਕਣ ਕਲਾਸਰੂਮ ਵਿੱਚ ਪੜ੍ਹਾਏ ਜਾ ਰਹੇ ਸਿੱਖਣ ਸਰੋਤ ਉੱਤੇ ਆਧਾਰਿਤ ਹੋਵੇਗਾ।

3.1 ਪਾਠ ਪੜ੍ਹਨ ਦੀ ਕਲਾ : **20 ਅੰਕ**

ਸਿੱਖਣ ਸਰੋਤ ਦੇ ਅੰਸ਼ਾਂ ਉੱਤੇ ਆਧਾਰਿਤ ਪਾਠ-ਬੋਧ ਰਾਹੀਂ ਮੁਲਾਂਕਣ ਕੀਤਾ ਜਾਵੇਗਾ।

ਹਰੇਕ 100 ਸ਼ਬਦਾਂ ਤੱਕ ਦੇ ਦੋ ਪੜ੍ਹੇ ਹੋਏ ਪਾਠਾਂ ਦਾ ਮੁਲਾਂਕਣ : 2×10 = **20 ਅੰਕ**

ਹਰ ਅੰਸ਼ ਦਾ ਮੁਲਾਂਕਣ ਹੇਠ ਲਿਖੇ ਤਰੀਕੇ ਨਾਲ ਕੀਤਾ ਜਾਵੇਗਾ:

- ਛੇ ਬਹੁ-ਵਿਕਲਪੀ ਪ੍ਰਸ਼ਨ (ਹਰੇਕ 1 ਅੰਕ), ਜਿਵੇਂ ਸਹੀ/ਗਲਤ, ਬਹੁ-ਵਿਕਲਪੀ ਪ੍ਰਸ਼ਨ, ਖਾਲੀ ਥਾਂ ਭਰੋ, ਮਿਲਾਨ ਕਰੋ ਆਦਿ: 1×6 = **6 ਅੰਕ**
- ਚਾਰ ਅਤਿ-ਛੋਟੇ ਉੱਤਰ ਵਾਲੇ ਪ੍ਰਸ਼ਨ ਹਰੇਕ 1 ਅੰਕ: 1×4 = **4 ਅੰਕ**

3.2 ਲਿਖਣ ਦੀ ਕਲਾ: 10 ਅੰਕ

ਸਿੱਖਣ ਸਰੋਤ (ਰਾਵੀ ਪੁਸਤਕ) ਉੱਤੇ ਅਧਾਰਿਤ ਛੋਟੇ ਅਤੇ ਲੰਮੇ ਉੱਤਰਾਂ ਵਾਲੇ ਪ੍ਰਸ਼ਨਾਂ ਰਾਹੀਂ ਮੁਲਾਂਕਣ ਕੀਤਾ ਜਾਵੇਗਾ।

- **ਛੋਟੇ ਉੱਤਰ ਵਾਲੇ ਪ੍ਰਸ਼ਨ:** 6 ਅੰਕ
  ਪੰਜ ਵਿੱਚੋਂ ਕਿਸੇ ਵੀ ਤਿੰਨ ਛੋਟੇ ਉੱਤਰ ਵਾਲੇ ਪ੍ਰਸ਼ਨਾਂ (ਹਰੇਕ 2 ਅੰਕ) ਦੇ ਉੱਤਰ 30–40 ਸ਼ਬਦਾਂ ਵਿੱਚ ਦਿਓ: 2×3 = 6 ਅੰਕ
  (ਸਬੰਧਿਤਤਾ: 1 ਅੰਕ, ਭਾਸ਼ਾ ਅਤੇ ਪ੍ਰਗਟਾਅ: 1 ਅੰਕ)
- **ਲੰਮੇ ਉੱਤਰਾਂ ਵਾਲੇ ਪ੍ਰਸ਼ਨ:** 4 ਅੰਕ
  ਦੋ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ 80 ਸ਼ਬਦਾਂ ਵਿੱਚ ਦਿਓ: 1×4 = 4 ਅੰਕ
  (ਸਬੰਧਿਤਤਾ: 2 ਅੰਕ, ਭਾਸ਼ਾਈ ਸ਼ੁੱਧਤਾ: 1 ਅੰਕ, ਤਾਲਮੇਲਤਾ: 1 ਅੰਕ)

ਭਾਗ 4 - ਪ੍ਰੋਜੈਕਟ ਵਰਕ: 15 ਅੰਕ

ਪ੍ਰੋਜੈਕਟ ਵਰਕ ਇੱਕ ਅਕਾਦਮਿਕ ਸੈਸ਼ਨ ਲਈ ਹੈ।

ਸੁਝਾਏ ਵਿਸ਼ੇ:

- ਸਥਾਨਕ ਰਸਮੋ-ਰਿਵਾਜ, ਤਿਉਹਾਰ ਅਤੇ ਭਾਈਚਾਰਕ ਜੀਵਨ
- ਸਥਾਨਕ ਕਲਾ-ਰੂਪ, ਲੋਕ-ਗੀਤ, ਅਖਾਣ, ਕਹਾਣੀਆਂ ਅਤੇ ਮੌਖਿਕ ਬਿਰਤਾਂਤ
- ਤਕਨਾਲੋਜੀ ਅਤੇ ਨਵੀਨਤਾਵਾਂ
- ਹਾਲੀਆ ਰਾਸ਼ਟਰੀ ਪਹਿਲਕਦਮੀਆਂ
- ਭਾਸ਼ਾ ਨਾਲ ਸੰਬੰਧਿਤ ਸਥਾਨਕ ਮਹੱਤਵਪੂਰਨ ਰਚਨਾਵਾਂ, ਲੇਖਕ, ਕਵੀ ਜਾਂ ਹੋਰ ਉਲੇਖਣੀਯ ਯੋਗਦਾਨੀ

(ਵਿਦਿਆਰਥੀਆਂ ਨੂੰ ਸਕੂਲ ਲਾਇਬ੍ਰੇਰੀ ਦੇ ਨਾਲ-ਨਾਲ ਪਰਿਵਾਰ, ਸਥਾਨਕ ਭਾਈਚਾਰੇ ਆਦਿ ਵਰਗੇ ਹੋਰ ਸਰੋਤਾਂ ਤੋਂ ਜਾਣਕਾਰੀ ਇਕੱਠੀ ਕਰਨ ਲਈ ਉਤਸ਼ਾਹਿਤ ਕਰੋ।)

ਪ੍ਰੋਜੈਕਟ ਵਰਕ ਦੇ ਮੁਲਾਂਕਣ ਲਈ ਨਿਯਮ (15 ਅੰਕ)

- ਚੁਣੇ ਵਿਸ਼ੇ ਨਾਲ ਸੰਬੰਧਿਤਤਾ: 2 ਅੰਕ
- ਖੋਜ ਦੀ ਗਹਿਰਾਈ ਅਤੇ ਸਰੋਤਾਂ ਦੀ ਵੱਖੋ-ਵੱਖਤਾ: 3 ਅੰਕ
- ਜਾਣਕਾਰੀ ਦੀ ਸੰਗਠਨਾ: 2 ਅੰਕ
- ਪ੍ਰੋਜੈਕਟ ਵਿੱਚ ਪੇਸ਼ ਵਿਚਾਰਾਂ ਦੀ ਤਾਲਮੇਲਤਾ: 2 ਅੰਕ
- ਭਾਸ਼ਾ ਦੀ ਉਚਿਤਤਾ: 1 ਅੰਕ
- ਮੌਖਿਕ ਪ੍ਰੀਖਿਆ (Viva): 5 ਅੰਕ

ਪ੍ਰੋਜੈਕਟ ਦਾ ਮੁੱਖ ਧਿਆਨ ਸਜਾਵਟ ਦੀ ਬਜਾਏ ਜਤਨਾਂ ਅਤੇ ਵਿਸ਼ਾ-ਵਸਤੂ ਉੱਤੇ ਹੋਣਾ ਚਾਹੀਦਾ ਹੈ।